# ਹਿੰਦੁਸਤਾਨ ਦਾ ਹਾਕਮ ਟੋਲਾ ਰਾਜ ਕਰਨ ਦੇ ਕਾਬਲ ਨਹੀਂ

ਮੁੰਬਈ ਵਿਚ ਦਹਿਸ਼ਤਗਰਦਾਂ ਦੇ ਹਮਲੇ ਨਾਲ ਜਾਨ ਮਾਲ ਦੇ ਨੁਕਸਾਨ ਤੋਂ ਹਿੰਦੁਸਤਾਨ ਦੇ ਲੋਕਾਂ ਵਿਚ ਬਹੁਤ ਹੀ ਰੋਹ ਅਤੇ ਗੁੱਸਾ ਫੈਲ ਗਿਆ ਹੈ। ਲੱਖਾਂ ਹੀ ਲੋਕਾਂ ਨੇ ਸ਼ਰ੍ਹੇਆਮ ਹਾਕਮ ਟੋਲੇ ਦੇ ਲੀਡਰਾਂ ਨੂੰ ਗਾਲ੍ਹਾਂ ਕੱਢੀਆਂ ਹਨ ਅਤੇ ਕੱਢ ਰਹੇ ਹਨ। ਲੋਕਾਂ ਦੇ ਗੁੱਸੇ ਅਤੇ ਰੋਹ ਕਰਕੇ ਕੇਂਦਰੀ ਗ੍ਰਿਹ ਮੰਤਰੀ ਨੇ ਅਸਤੀਫ਼ਾ ਦੇ ਦਿੱਤਾ ਹੈ। ਮਹਾਰਾਸ਼ਟਰ ਦੇ ਗ੍ਰਿਹ ਮੰਤਰੀ ਅਤੇ ਮੁੱਖ ਮੰਤਰੀ ਨੂੰ ਵੀ ਅਸਤੀਫ਼ਾ ਦੇਣਾ ਪਿਆ ਹੈ। ਕੁਝ ਲੋਕ ਮਨਮੋਹਨ ਸਿੰਘ ਅਤੇ ਉਸਦੀ ਸਾਰੀ ਸਰਕਾਰ ਦਾ ਅਸਤੀਫ਼ਾ ਮੰਗ ਰਹੇ ਹਨ। ਹਰ ਰੋਜ਼ ਲੋਕ ਪੁੱਛ ਰਹੇ ਹਨ ਕਿ ਇਸ ਦਹਿਸ਼ਤਗਰਦੀ ਤੋਂ ਕਿਸ ਤਰਾਂ ਬਚਿਆ ਜਾ ਸਕਦਾ ਹੈ? ਇਸ ਦਹਿਸ਼ਤਗਰਦੀ ਲਈ ਕੌਣ ਜ਼ਿੰਮੇਵਾਰ ਹੈ ਅਤੇ ਇਸ ਨਾਲ ਕਿਸ ਨੂੰ ਫਾਇਦਾ ਪਹੁੰਚਦਾ ਹੈ? ਸਿਆਸੀ ਲੀਡਰ ਕਦੋਂ ਤੀਕ ਝੂਠ ਬੋਲਦੇ ਰਹਿਣਗੇ?

ਆਮ ਲੋਕ ਇਹ ਵੀ ਪੁੱਛ ਰਹੇ ਹਨ ਕਿ ਰਾਜ ਤੰਤਰ ਅਤੇ ਰਿਆਸਤ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਲੋਕਾਂ ਦੀ ਰਖਵਾਲੀ ਅਤੇ ਖੁਸ਼ਹਾਲੀ ਦਾ ਇੰਤਜ਼ਾਮ ਕਰਨ। ਪਰ ਹਾਕਮ ਟੋਲੇ ਨੇ ਪਿਛਲੇ ਸੱਠ ਵਰ੍ਹਿਆਂ ਵਿਚ ਨਾ ਹੀ ਲੋਕਾਂ ਦੀ ਖੁਸ਼ਹਾਲੀ ਅਤੇ ਨਾ ਰਖਵਾਲੀ ਦਾ ਕੋਈ ਇੰਤਜ਼ਾਮ ਕੀਤਾ ਹੈ। ਇਸਦੇ ਉਲਟ ਹਾਕਮ ਟੋਲੇ ਨੇ ਰਿਆਸਤ ਅਤੇ ਇਸਦੀ ਤਾਕਤ ਨੂੰ ਉਨ੍ਹਾਂ ਦੀ ਲੁੱਟ ਕਰਨ ਅਤੇ ਆਪਣੀਆਂ ਜੇਬਾਂ ਭਰਨ ਲਈ ਹੀ ਵਰਤਿਆ ਹੈ। ਹਾਕਮ ਟੋਲੇ ਨੇ ਰਿਆਸਤ ਦੀ ਤਾਕਤ ਨੂੰ ਇਸਦੀ ਫੌਜ, ਪੁਲੀਸ ਅਤੇ ਅਫ਼ਸਰਸ਼ਾਹੀ ਨੂੰ ਸਿਰਫ਼ ਆਪਣੇ ਹੀ ਹਿਤਾਂ ਲਈ ਵਰਤਿਆ ਹੈ ਲੋਕਾਂ ਦੀ ਰਖਵਾਲੀ ਅਤੇ ਖੁਸ਼ਹਾਲੀ ਲਈ ਨਹੀਂ। ਮਿਸਾਲ ਦੇ ਤੌਰ ਤੇ ਲੋਕ ਕਹਿੰਦੇ ਹਨ ਕਿ ਹਾਕਮ ਟੋਲਾ ਅਤੇ ਇਸਦੇ ਨੁਮਾਇੰਦੇ ਅਤੇ ਲੀਡਰ ਆਪਣੀ ਸੁਰਖਿਆ ਲਈ ਸਰਕਾਰੀ ਕਮਾਂਡੋ ਅਤੇ ਫੌਜ ਨੂੰ ਵਰਤਦੇ ਹਨ ਪਰ ਮੁੰਬਈ ਦਾ ਖ਼ੂਨੀ ਸਾਕਾ ਇਕ ਬਾਰ ਫਿਰ ਦੱਸਦਾ ਹੈ ਕਿ ਇਨ੍ਹਾਂ ਨੂੰ ਲੋਕਾਂ ਦੀ ਰਖਵਾਲੀ ਦੀ ਕੋਈ ਚਿੰਤਾ ਨਹੀਂ। ਮਹਾਰਾਸ਼ਟਰ ਦੇ ਗ੍ਰਿਹ ਮੰਤਰੀ ਪਾਟਿਲ ਨੇ ਮੁੰਬਈ ਦੇ ਸਾਕੇ ਬਾਅਦ ਕਿਹਾ ਕਿ ਐਨੇ ਵੱਢੇ ਸ਼ਹਿਰ ਵਿਚ ਇਸ ਤਰ੍ਹਾਂ ਦੇ ਹਾਦਸੇ ਤਾਂ ਹੁੰਦੇ ਹੀ ਰਹਿੰਦੇ ਹਨ।

ਹਾਕਮ ਤਬਕੇ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਮੁੰਬਈ ਦੇ ਸਾਕੇ ਨੂੰ ਕਈ ਰਾਜਾਂ ਵਿਚ ਹੋ ਰਹੀਆਂ ਚੋਣਾਂ ਅਤੇ ਅਗਲੇ ਸਾਲ ਲਈ ਪਾਰਲੀਮੈਂਟ ਲਈ ਹੋਣ ਵਾਲੀਆਂ ਚੋਣਾਂ ਲਈ ਵਰਤ ਰਹੀਆਂ ਹਨ। ਹਾਕਮ ਮੇਲ ਦਾ ਇਕ ਟੋਲਾ ਕਹਿ ਰਿਹਾ ਹੈ ਕਿ ਹੋਰ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ। ਇਕ ਟੋਲਾ ਕਹਿ ਰਿਹਾ ਹੈ ਕਿ ਪਾਕਿਸਤਾਨ ਤੇ ਹਮਲਾ ਕਰਨਾ ਚਾਹੀਦਾ ਹੈ। ਹਾਕਮ ਮੇਲ ਦੇ ਹਿਮਾਇਤੀ ਅਮਰੀਕਨ ਸਾਮਰਾਜ ਅਤੇ ਬਰਤਾਨਵੀ ਸਾਮਰਾਜ ਅਤੇ ਹੋਰ ਬਸਤੀਵਾਦੀ ਇਸ ਸਾਕੇ ਨੂੰ ਦੱਖਣੀ ਏਸ਼ੀਆ ਵਿਚ ਆਪਣਾ ਅਸਰ ਅਤੇ ਰਸੂਖ ਵਧਾਉਣ ਲਈ ਵਰਤ ਰਹੇ ਹਨ। ਕਾਂਡੀਲੀਸਾ ਰਾਈਸ ਨੇ ਹਿੰਦੁਸਤਾਨ ਦਾ ਦੌਰਾ ਕੀਤਾ ਹੈ। ਐਫ ਬੀ ਆਈ ਅਤੇ ਸਕਾਟਲੈਂਡ ਯਾਰਡ ਦੀਆਂ ਟੀਮਾਂ ਵੀ ਹਿੰਦੁਸਤਾਨ ਉਪੜ ਗਈਆਂ ਹਨ।

ਪਰ ਲੋਕਾਂ ਦੇ ਸੁਆਲਾਂ ਦੇ ਜਵਾਬ ਇਨ੍ਹਾਂ ਚੋਂ ਕਿਸੇ ਕੋਲ ਵੀ ਨਹੀਂ। ਉਹ ਪੁੱਛ ਰਹੇ ਹਨ ਕਿ ਸਰਕਾਰ ਅਤੇ ਰਿਆਸਤ ਉਨ੍ਹਾਂ ਨੂੰ ਰਖਵਾਲੀ ਅਤੇ ਖੁਸ਼ਹਾਲੀ ਕਿਉਂ ਨਹੀਂ ਮੁਹੱਈਆ ਕਰ ਸਕਦੇ? ਅਰਬਾਂ ਖਰਬਾਂ ਡਾਲਰ ਖ਼ਰਚ ਕੇ ਵੀ ਇਹ ਕਿਉਂ ਮੁਮਕਿਨ ਨਹੀਂ? ਕਿਹੜੇ ਹਾਲਾਤ ਪੈਦਾ ਕੀਤੇ ਜਾਣ ਜਿਨ੍ਹਾਂ ਨਾਲ ਦਹਿਸ਼ਤਗਰਦੀ ਤੋਂ ਉਨ੍ਹਾਂ ਨੂੰ ਮੁਕਤੀ ਮਿਲ ਸਕਦੀ ਹੈ? ਹਾਕਮ ਮੇਲ ਅਤੇ ਇਸਦੇ ਆਗੂਆਂ ਕੋਲ ਇਨ੍ਹਾਂ ਸੁਆਲਾਂ ਦੇ ਜਵਾਬ ਨਹੀਂ ਹਨ ਇਸ ਲਈ ਹੁਣ ਉਹ ਲੋਕਾਂ ਤੇ ਇਹ ਸੁਆਲ ਉਠਾਉਣ ਤੇ ਵੀ ਕਿੰਤੂ ਕਰ ਰਹੇ ਹਨ। ਹਾਕਮ ਮੇਲ ਦੀ ਇਕ ਸਿਆਸੀ ਪਾਰਟੀ ਨੇ ਕਿਹਾ ਕਿ ਜਿਹੜੀਆਂ ਔਰਤਾਂ ਮੁੰਬਈ ਵਿਚ ਲਿਪਸਟਿਕ ਲਾ ਕੇ ਮੁਜ਼ਾਹਿਰੇ ਕਰ ਰਹੀਆਂ ਹਨ ਅਤੇ ਸਿਆਸੀ ਆਗੂਆਂ ਤੇ ਕਿੰਤੂ ਕਰ ਰਹੀਆਂ ਹਨ ਉਨ੍ਹਾਂ ਨੂੰ ਇਹ ਕਰਨ ਦਾ ਕੋਈ ਹੱਕ ਨਹੀਂ ਇਸ ਨਾਲ ਉਹ ਦਹਿਸ਼ਤਗਰਦਾਂ ਦੀ ਮਦਦ ਹੀ ਕਰ ਰਹੀਆਂ ਹਨ ਜਿਵੇਂ ਕਿ ਕਸ਼ਮੀਰ ਵਿਚ ਹੋ ਰਿਹਾ ਹੈ। ਕੇਰਲਾ ਦੇ ਸੀ ਪੀ ਆਈ (ਐਮ) ਦੇ `ਕਾਮਰੇਡ` ਮੁੱਖ ਮੰਤਰੀ ਤਾਂ ਹੋਰ ਵੀ ਅਗਾਂਹ ਨਿਕਲ ਗਏ। ਮੁੰਬਈ ਸਾਕੇ ਵਿਚ ਮਾਰੇ ਗਏ ਇਕ ਮੇਜਰ ਦੇ ਘਰ ਵਾਲਿਆਂ ਦੇ ਬੁਰਾ ਭਲਾ ਕਹਿਣ ਤੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਜੇ ਮੇਜਰ ਮਾਰਿਆਂ ਨਾਂ ਜਾਂਦਾ ਤਾਂ ਤੁਹਾਡੇ ਘਰ ਕਿਸੇ ਕੁੱਤੇ ਨੇ ਵੀ ਪੈਰ ਨਹੀਂ ਪਾਉਣਾ ਸੀ। ਕਾਂਗਰਸ ਪਾਰਟੀ ਦੇ ਇਕ ਆਗੂ ਨੇ ਆਖਿਆ ਹੈ ਸਿਆਸੀ ਆਗੂਆਂ ਨੂੰ ਗਾਲ੍ਹਾਂ ਕੱਢਣ ਨਾਲ ਡੈਮੋਕ੍ਰੇਸੀ ਕਮਜ਼ੋਰ ਪੈ ਜਾਵੇਗੀ ਅਤੇ ਇਸ ਨਾਲ ਦਹਿਸ਼ਤਗਰਦਾਂ ਨੂੰ ਹੀ ਮਦਦ ਮਿਲੇਗੀ।

ਲੋਕਾਂ ਨੂੰ ਇਨ੍ਹਾਂ ਸੁਆਲਾਂ ਦੇ ਜਵਾਬ ਆਪ ਹੀ ਲੱਭਣੇ ਪੈਣਗੇ ਅਤੇ ਉਹ ਲੱਭ ਸਕਦੇ ਹਨ ਅਤੇ ਉਹ ਲੱਭ ਵੀ ਰਹੇ ਹਨ। ਹਾਕਮ ਮੇਲ ਦਾ ਕੋਈ ਵੀ ਅਦਾਰਾ ਉਨ੍ਹਾਂ ਦੇ ਸੁਆਲਾਂ ਦੇ ਜਵਾਬ ਦੇਣ ਵਿਚ ਕੋਈ ਦਿਲਚਸਪੀ ਨਹੀਂ ਰਖਦਾ ਅਤੇ ਨਾ ਹੀ ਉਹ ਕੋਈ ਦਿਲਚਸਪੀ ਰਖ ਸਕਦੇ ਹਨ। ਹਾਕਮ ਤਬਕੇ ਦਾ ਅਜੰਡਾ ਇਹ ਹੈ ਹੀ ਨਹੀਂ। ਹਾਕਮਾਂ ਦੀ ਰਿਆਸਤ, ਉਨ੍ਹਾਂ ਦਾ ਰਾਜਤੰਤ੍ਰ ਅਤੇ ਸਿਆਸੀ ਪਾਰਟੀਆਂ ਲੋਕਾਂ ਦੀ ਰਖਵਾਲੀ ਅਤੇ ਖੁਸ਼ਹਾਲੀ ਵਿਚ ਰੱਤੀ ਭਰ ਵੀ ਦਿਲਚਸਪੀ ਨਹੀਂ ਰਖਦੇ। ਮਿਸਾਲ ਦੇ ਤੌਰ ਤੇ ਯੂਨੀਅਨ ਕਾਰਬਾਈਡ ਦੀ ਦਹਿਸ਼ਤਗਰਦੀ ਨੂੰ ੨੪ ਸਾਲ ਹੋ ਚੁੱਕੇ ਹਨ ਜਿਸ ਵਿਚ ਹਜ਼ਾਰਾਂ ਹੀ ਲੋਕ ਮਾਰੇ ਗਏ ਸੀ। ਪਰ ਅੱਜ ਤੀਕ ਭੋਪਾਲ ਦੇ ਲੋਕਾਂ ਨੂੰ ਇਨਸਾਫ਼ ਨਹੀਂ ਮਿਲਿਆ। ਇਸ ਹਤਿਆ ਕਾਂਡ ਲਈ ਜ਼ਿੰਮੇਵਾਰ ਕਿਸੇ ਵੀ ਅਫਸਰ ਨੂੰ ਸਜ਼ਾ ਨਹੀਂ ਮਿਲੀ। ਇਸੇ ਤਰਾਂ ਪਿਛਲੇ ਮਹੀਨਿਆਂ ਵਿਚ ਛਤੀਸਗੜ੍ਹ ਵਿਚ ਹਜ਼ਾਰਾਂ ਹੀ ਲੋਕਾਂ ਦੇ ਘਰ ਲੂਹ ਦਿੱਤੇ ਗਏ ਸੀ ਪਰ ਕਿਸੇ ਨੂੰ ਸਜ਼ਾ ਨਹੀਂ ਮਿਲੀ ਅਤੇ ਨਾ ਹੀ ਮਿਲਣ ਦੀ ਆਸ ਹੈ। ਇਸ ਲਈ ਲੋਕ ਕਹਿ ਰਹੇ ਹਨ ਕਿ ਇਹ ਰਾਜ ਕਰਨ ਦੇ ਕਾਬਲ ਨਹੀਂ ਅਤੇ ਨਲਾਇਕ ਹਨ। ਲੋਕ ਇਸਦਾ ਮੁਤਬਾਦਲ ਲੱਭ ਰਹੇ ਹਨ।